BRAMPTON Service and Information Update

# ਸਿਟੀ ਆਫ ਬ੍ਰੈਂਪਟਨ, 13 ਅਪ੍ਰੈਲ ਨੂੰ ਕੋਵਿਡ-19 ਸਬੰਧੀ ਟੈਲੀ ਟਾਊਨ ਹਾੱਲ ਦਾ ਆਯੋਜਨ ਕਰੇਗੀ

ਬ੍ਰੈਂਪਟਨ, ਓਨਟੈਰੀਓ (7 ਅਪ੍ਰੈਲ, 2022) – ਸਿਟੀ ਆਫ ਬ੍ਰੈਂਪਟਨ, ਨਿਵਾਸੀਆਂ ਅਤੇ ਕਾਰੋਬਾਰੀਆਂ ਨੂੰ ਕੋਵਿਡ-19 (COVID-19) ਸਬੰਧੀ ਤਾਜ਼ਾ ਅੱਪਡੇਟਸ ਬਾਰੇ ਸੂਚਿਤ ਰਹਿਣ ਵਾਸਤੇ, ਬੁੱਧਵਾਰ, 13 ਅਪ੍ਰੈਲ ਨੂੰ, ਸ਼ਾਮ 6:30 ਵਜੇ ਤੋਂ ਰਾਤ 8 ਵਜੇ ਤੱਕ, ਕੋਵਿਡ-19 ਟੈਲੀ ਟਾਊਨ ਹਾੱਲ (COVID-19 Tele Town Hall) ਵਿੱਚ ਸ਼ਾਮਲ ਹੋਣ ਲਈ ਸੱਦਾ ਦਿੰਦੀ ਹੈ।

ਸਿਟੀ, ਆਪਣੀਆਂ ਕੋਵਿਡ-19 ਟਾਸਕ ਫੋਰਸਿਜ (COVID-19 Task Forces) ਦੇ ਕੰਮ ਦੇ ਨਾਲ-ਨਾਲ ਇਹ ਵੀ ਉਜਾਗਰ ਕਰੇਗੀ ਕਿ ਇਹ, ਸਿਟੀ ਦੀ ਸੇਵਾ ਡਿਲੀਵਰੀ ਅਤੇ ਕਮਿਉਨਿਟੀ ਸੋਸ਼ਲ ਸਪੋਰਟ ਨੈੱਟਵਰਕਾਂ ਦੇ ਦੁਆਰਾ, ਕਿਸ ਤਰ੍ਹਾਂ ਕਮਿਉਨਿਟੀ ਦੇ ਸਹਿਯੋਗ ਵਿੱਚ ਪਰਿਵਰਤਨ ਕਰੇਗੀ।

ਟੈਲੀ ਟਾਊਨ ਹਾੱਲ ਵਿੱਚ ਮੌਜੂਦ ਹੋਣ ਵਾਲਿਆਂ ਵਿੱਚ ਸ਼ਾਮਲ ਹਨ:

- ਪੈਟਰਿਕ ਬ੍ਰਾਊਨ (Patrick Brown), ਮੇਅਰ ਅਤੇ ਸਿਟੀ ਟਾਸਕ ਫੋਰਸ ਲੀਡਸ, ਸਿਟੀ ਆਫ ਬ੍ਰੈਂਪਟਨ
- ਰੀਜਨ ਆਫ ਪੀਲ (Region of Peel), ਪਬਲਿਕ ਹੈਲਥ (Public Health)
- ਵਿਲੀਅਮ ਓਸਲਰ ਹੈਲਥ ਸਿਸਟਮ (William Osler Health System)
- ਬ੍ਰੈਂਪਟਨ ਫਾਇਰ ਐਂਡ ਐਮਰਜੈਂਸੀ ਸਰਵਿਸਿਜ (Brampton Fire and Emergency Services)
- ਪੀਲ ਰੀਜਨਲ ਪੁਲਿਸ ਸਰਵਿਸਿਜ (Peel Regional Police Services)
- ਪੀਲ ਰੀਜਨਲ ਪੈਰਾਮੈਡਿਕ ਸਰਵਿਸਿਜ (Peel Regional Paramedic Services)

ਭਾਗੀਦਾਰੀ ਦੀ ਪੁਸ਼ਟੀ ਕਰਨ ਲਈ, Brampton.ca/covid19 ਤੇ ਆਪਣਾ ਫੋਨ ਨੰਬਰ ਰਜਿਸਟਰ ਕਰੋ।

ਸਿਟੀ ਨੇ ਸਿਹਤ ਅਤੇ ਸੁਰੱਖਿਆ ਤੇ ਧਿਆਨ ਕੇਂਦਰਿਤ ਕੀਤਾ ਹੋਇਆ ਹੈ, ਜਦੋਂ ਉਹ ਲਗਾਤਾਰ, ਹੌਲੀ-ਹੌਲੀ ਅਤੇ ਸੁਰੱਖਿਆ ਦੇ ਨਾਲ ਦੁਬਾਰਾ ਖੁੱਲ ਰਹੀ ਹੈ ਅਤੇ ਸਿਟੀ, ਨਿਵਾਸੀਆਂ ਦਾ ਧੰਨਵਾਦ ਕਰਦੀ ਹੈ ਕਿ ਉਹਨਾਂ ਨੇ ਮਹਾਂਮਾਰੀ ਦੇ ਦੌਰਾਨ, ਇਸਨੂੰ ਫੈਲਣ ਤੋਂ ਰੋਕਣ ਵਿੱਚ ਮਦਦ ਲਈ ਸਰੀਰਕ ਦੂਰੀ, ਚੰਗੀ ਤਰ੍ਹਾਂ ਸਫਾਈ ਰੱਖ ਕੇ, ਵੈਕਸੀਨ ਲਗਵਾ ਕੇ ਅਤੇ ਮਾਸਕ ਪਹਿਨ ਕੇ ਆਪਣੀ ਭੂਮਿਕਾ ਨਿਭਾਈ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca